# ਵਿਦੇਸ਼ੀ ਵਰਕਰ ਵਜੋਂ ਤੁਹਾਡੇ ਹੱਕ

ਵਿਦੇਸ਼ੀ ਵਰਕਰ ਵਜੋਂ ਬੀ.ਸੀ. ਦੇ ਕਾਨੂੰਨ ਅਧੀਨ ਤੁਹਾਡੇ ਹੱਕ ਹਨ। ਇਸ ਦਾ ਮਤਲਬ ਹੈ ਕਿ ਤੁਹਾਨੂੰ ਓਵਰਟਾਈਮ ਦੀ ਤਨਖਾਹ, ਤਨਖਾਹ ਸਮੇਤ ਛੁੱਟੀਆਂ, ਤਨਖਾਹ ਸਮੇਤ ਸਲਾਨਾ ਛੁੱਟੀਆਂ ਅਤੇ ਘੱਟੋ ਘੱਟ ਤਨਖਾਹ ਦਾ ਹੱਕ ਹੈ।

ਤੁਹਾਡੇ ਕੰਮ-ਮਾਲਕ (ਇਮਪਲੌਏਅਰ) ਲਈ ਤੁਹਾਡੀ ਤਨਖਾਹ ਤੁਹਾਨੂੰ ਕੈਨੇਡੀਅਨ ਡਾਲਰਾਂ ਵਿਚ ਚੈੱਕ, ਮਨੀ ਆਰਡਰ ਰਾਹੀਂ ਜਾਂ ਤੁਹਾਡੇ ਬੈਂਕ ਅਕਾਊਂਟ ਵਿਚ ਸਿੱਧੇ ਪੈਸੇ ਜਮ੍ਹਾਂ ਕਰਵਾ ਕੇ ਦੇਣਾ ਜ਼ਰੂਰੀ ਹੈ। ਤੁਹਾਡਾ ਕੰਮ-ਮਾਲਕ ਤੁਹਾਨੂੰ ਤਨਖਾਹ ਵਜੋਂ ਪੈਸਿਆਂ ਦੀ ਬਜਾਏ ਕੋਈ ਚੀਜ਼ਾਂ ਜਾਂ ਸੇਵਾਵਾਂ ਨਹੀਂ ਦੇ ਸਕਦਾ।

- ਕੰਮ ਲੱਭਣ ਵਿਚ ਮਦਦ ਕਰਨ ਲਈ ਜਾਂ ਸੰਭਾਵੀ ਕੰਮਾਂ ਬਾਰੇ ਤੁਹਾਨੂੰ ਜਾਣਕਾਰੀ ਦੇਣ ਲਈ ਕੋਈ ਵੀ ਤੁਹਾਡੇ ਤੋਂ ਫੀਸ ਚਾਰਜ ਨਹੀਂ ਕਰ ਸਕਦਾ।
- ਇਮੀਗਰੇਸ਼ਨ ਪ੍ਰਾਪਤ ਕਰਨ ਵਿਚ ਕਿਸੇ ਮਦਦ ਲਈ ਤੁਹਾਡੇ ਤੋਂ ਪੈਸੇ ਨਹੀਂ ਲਏ ਜਾ ਸਕਦੇ। ਉਦਾਹਰਣ ਲਈ ਤੁਹਾਡੇ ਕੰਮ ਦੇ ਬਦਲੇ ਵਿਚ ਤੁਹਾਡੇ ਤੋਂ ਤੁਹਾਡੀ ਫਲਾਇਟ ਜਾਂ ਕੰਮ ਲੱਭਣ ਦੀ ਫੀਸ ਨਹੀਂ ਲਈ ਜਾ ਸਕਦੀ।
- ਤੁਹਾਡੇ ਤੋਂ ਇਸ ਕਰਕੇ ਅਡਵਾਂਸ ਪੈਸੇ ਨਹੀਂ ਲਏ ਜਾ ਸਕਦੇ ਕਿ ਇਸ ਨਾਲ ਇਹ ਪੱਕਾ ਹੋਵੇਗਾ ਕਿ ਤੁਸੀਂ ਆਪਣੇ ਕੰਮ ਦੀ ਮਿਆਦ ਪੂਰੀ ਕਰੋਗੇ।
- ਜੇ ਤੁਸੀਂ ਆਪਣੇ ਕੰਮ ਦੀ ਮਿਆਦ ਪੂਰੀ ਨਹੀਂ ਕਰਦੇ ਤਾਂ ਤੁਹਾਡਾ ਕੰਮ-ਮਾਲਕ ਤੁਹਾਨੂੰ ਜੁਰਮਾਨਾ ਦੇਣ ਲਈ ਨਹੀਂ ਕਹਿ ਸਕਦਾ।
- ਤੁਹਾਡਾ ਕੰਮ-ਮਾਲਕ ਉਹ ਖਰਚਾ ਤੁਹਾਡੇ ਤੋਂ ਵਾਪਸ ਨਹੀਂ ਮੰਗ ਸਕਦਾ ਜਿਹੜਾ ਤੁਹਾਨੂੰ ਰੱਖਣ ਲਈ ਕਿਸੇ ਇਮਪਲੌਏਮੈਂਟ ਏਜੰਸੀ ਜਾਂ ਕਿਸੇ ਹੋਰ ਨੂੰ ਦਿੱਤਾ ਗਿਆ ਸੀ।

ਤੁਹਾਡਾ ਕੰਮ-ਮਾਲਕ ਤਨਖਾਹ ਵਿੱਚੋਂ ਸਿਰਫ ਉਹ ਕਟੌਤੀਆਂ ਹੀ ਕਰ ਸਕਦਾ ਹੈ ਜਿਨ੍ਹਾਂ ਦੀ ਕਾਨੂੰਨ ਮੰਗ ਕਰਦਾ ਹੈ (ਉਦਾਹਰਣ ਲਈ, ਇਨਕਮ ਟੈਕਸ, ਕੈਨੇਡਾ ਪੈਨਸ਼ਨ ਪਲੈਨ ਲਈ ਯੋਗਦਾਨ, ਇਮਪਲੌਏਮੈਂਟ ਇਨਸ਼ੋਰੈਂਸ ਪ੍ਰੀਮੀਅਮ ਜਾਂ ਯੂਨੀਅਨ ਦੀਆਂ ਫੀਸਾਂ)।

ਤੁਹਾਡਾ ਕੰਮ-ਮਾਲਕ ਅਡਵਾਂਸ ਦਿੱਤੇ ਪੈਸੇ ਅਤੇ ਦਿੱਤੀਆਂ ਗਈਆਂ ਵਾਧੂ ਪੇਮੈਂਟਾਂ ਤੁਹਾਡੀਆਂ ਤਨਖਾਹਾਂ ਵਿੱਚੋਂ ਸਿਰਫ ਤਾਂ ਹੀ ਕੱਟ ਸਕਦਾ ਹੈ, ਜੇ ਤੁਹਾਡਾ ਲਿਖਤੀ ਐਗਰੀਮੈਂਟ ਇਸ ਬਾਰੇ ਕਹਿੰਦਾ ਹੈ।

ਤੁਹਾਡਾ ਕੰਮ-ਮਾਲਕ ਤੁਹਾਨੂੰ ਕੰਮ ਤੋਂ ਹਟਾ ਸਕਦਾ ਹੈ ਪਰ ਇਸ ਲਈ ਅਗਾਊਂ ਨੋਟਿਸ ਦਿੱਤਾ ਜਾਣਾ ਜ਼ਰੂਰੀ ਹੈ। ਜੇ ਤੁਹਾਡਾ ਕੰਮ-ਮਾਲਕ ਤੁਹਾਨੂੰ ਬਿਨਾਂ ਨੋਟਿਸ ਦੇ ਕੰਮ ਤੋਂ ਹਟਾਉਂਦਾ ਹੈ ਤਾਂ ਉਸ ਲਈ ਤੁਹਾਨੂੰ ਮੁਆਵਜ਼ਾ ਜਾਂ ਸੈਵਰੈਂਸ ਪੇਅ (ਅਲਹਿਦਗੀ ਦੀ ਤਨਖਾਹ) ਦੇਣਾ ਜ਼ਰੂਰੀ ਹੈ।

ਜੇ ਤੁਹਾਡਾ ਕੰਮ-ਮਾਲਕ ਤੁਹਾਡੇ ਕੰਮ ਦੇ ਪਰਮਿਟ ਦੀ ਮਿਆਦ ਮੁੱਕਣ ਤੋਂ ਪਹਿਲਾਂ ਤੁਹਾਡੇ ਕੰਮ ਦਾ ਇਕਰਾਰਨਾਮਾ ਖਤਮ ਕਰ ਦਿੰਦਾ ਹੈ ਜਾਂ ਜੇ ਤੁਸੀਂ ਕਿਸੇ ਹੋਰ ਕੰਮ-ਮਾਲਕ ਕੋਲ ਕੰਮ ਲੱਭ ਲੈਂਦੇ ਹੋ ਤਾਂ ਤੁਹਾਡਾ ਕੰਮ-ਮਾਲਕ ਜਾਂ ਇਮਪਲੌਏਮੈਂਟ ਏਜੰਸੀ ਤੁਹਾਨੂੰ ਆਪਣੇ ਪਿਛਲੇ ਦੇਸ਼ ਵਾਪਸ ਜਾਣ ਲਈ ਮਜਬੂਰ ਨਹੀਂ ਕਰ ਸਕਦੇ। ਤੁਹਾਨੂੰ ਵਾਪਸ ਭੇਜਣ ਦਾ ਕਾਨੂੰਨੀ ਅਧਿਕਾਰ ਸਿਰਫ ਕਨੇਡਾ ਸਰਕਾਰ ਕੋਲ ਹੈ।

ਜੇ ਤੁਸੀਂ ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ ਕੋਲ ਸ਼ਿਕਾਇਤ ਦਰਜ ਕਰਵਾਉਂਦੇ ਹੋ ਤਾਂ ਤੁਹਾਡਾ ਕੰਮ-ਮਾਲਕ ਤੁਹਾਨੂੰ ਕੰਮ ਤੋਂ ਹਟਾ ਨਹੀਂ ਸਕਦਾ ਜਾਂ ਕਿਸੇ ਹੋਰ ਤਰੀਕੇ ਨਾਲ ਕੰਮ 'ਤੇ ਸਜ਼ਾ ਨਹੀਂ ਦੇ ਸਕਦਾ। ਉਦਾਹਰਣ ਲਈ ਜੇ ਤੁਸੀਂ ਆਪਣੇ ਕੰਮ-ਮਾਲਕ ਦੇ ਖਿਲਾਫ ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ ਕੋਲ ਸ਼ਿਕਾਇਤ ਦਰਜ ਕਰਵਾਈ ਹੈ ਤਾਂ ਉਹ ਬਿਨਾਂ ਕਿਸੇ ਚੰਗੇ ਕਾਰਨ ਦੇ ਤੁਹਾਡੇ ਕੰਮ ਦੇ ਘੰਟੇ 35 ਘੰਟਿਆਂ ਤੋਂ ਘਟਾ ਕੇ 5 ਨਹੀਂ ਕਰ ਸਕਦਾ।

ਇਹ ਆਰਟੀਕਲ, ਬੀ.ਸੀ. ਵਿਚ ਕੰਮ ਕਰਨ ਬਾਰੇ ਕੁਝ ਕਾਨੂੰਨਾਂ ਦੀ ਸੰਖੇਪ ਜਾਣ ਪਛਾਣ ਹੈ। ਜ਼ਿਆਦਾ ਵਿਸਥਾਰ ਵਿਚ ਜਾਣਕਾਰੀ ਲੈਣ ਲਈ

www.esb.bc.ca

'ਤੇ ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ ਦੇ ਵੈੱਬਸਾਈਟ 'ਤੇ ਜਾਉ।

---

Immigrant
PLEI
Consortium

This project is made possible through funding from the
Government of Canada
and the Province of British columbia